# ਲੋਕਰਾਜ ਦੇ ਪਰਦੇ ਥੱਲੇ ਤਾਨਾਸ਼ਾਹੀ ਕਰਤੂਤਾਂ

'ਦੇਸ ਪੰਜਾਬ' ਦੇ ਅੰਕ ਨਵੰਬਰ 2005 ਵਿਚ ਪ੍ਰਕਾਸ਼ਤ ਇਕ ਲਿਖਤ ਦੁਆਰਾ ਸੁਹਿਰਦ ਪਾਠਕ, ਉਸ ਆਪਣੇ ਆਪਨੂੰ ਪੂਰੇ ਸੰਸਾਰ ਦੀ ਠਾਣੇਦਾਰ ਕਰਨ ਵਾਲੀ ਅਮਰੀਕਣ ਸਰਕਾਰ ਅਤੇ ਇਸ ਦੇ ਤਾਨਾਸ਼ਾਹੀ ਕਾਰਿਆਂ ਵਿਚ ਸਗਿਯੋਗੀ ਜਮਾਤ ਵਾਰੇ ਦਰਜ ਇਨਾਂ ਸ਼ਬਦਾਂ ਨੂੰ ਪੜ੍ਹ ਹੀ ਚੁੱਕੇ ਨੇ: " ਇਸ ਜਮਾਤ ਵਲੋਂ ਇਕ ਪਾਸੇ ਲੋਕਰਾਜ ਦੇ ਅਸੂਲਾਂ ਦੀਆਂ ਸਿਫਤਾਂ ਹਨ ਅਤੇ ਇਸਲਾਮਿਕ ਦੇਸ਼ਾਂ ਵਿਚ ਲੋਕਰਾਜੀ ਨਿਯਾਮਾਂ ਦੀ ਸ਼ੁਰੂਆਤ ਕਰਵਾ ਰਹੀ ਹੈ ਪਰ ਦੂਜੇ ਪਾਸੇ ਆਪੇ ਹੀ ਲੋਕਰਾਜੀ ਅਸੂਲਾਂ ਨੂੰ ਭੰਗ ਕਰਕੇ, ਮੰਨੂੰਵਾਦੀ ਦਿਲੀ ਤਖਤ ਦੀ ਤਰਜ ਉਤੇ ਆਪਣੇ ਵੋਰਧੀਆਂ ਨੂੰ ਆਪਣੀਆਂ ਜੇਲਾਂ ਵਿਚ ਅੱਤ ਸ਼ਰਮਨਾਕ ਤਸੀਹੇ ਦੇਣ, ਬਿਨਾਂ ਕੇਸ ਚਲਾਏ ਜੇਲਾਂ ਵਿਚ ਰੱਖਣ ਅਤੇ ਆਪਣੇ ਲਈ ਖਤਰੇ ਦੀ ਸ਼ੱਕ ਉਤੇ ਹੀ ਲੋਕਾਂ ਨੂੰ ਚੋਰੀਂ ਚੁੱਕ ਲੈਣ, ਗੁਪਤ ਤਸੀਹੇ ਦੇਣ ਅਤੇ ਗੁਮ ਕਰ ਦੇਣ ਜਹੀਆਂ ਤਾਨਾਸ਼ਾਹੀ ਕਾਰਵਾਈਆਂ ਤੇ ਉਤਰ ਚੁੱਕੀ ਹੈ। "

ਸਤੰਬਰ 2001 ਨੂੰ ਇਸਲਾਮ ਨਾਲ ਸਬੰਧਤ ਆਤਮਘਾਤੀ ਦਹਿਸ਼ਤਗਰਦਾਂ ਵੱਲੋਂ ਅਮਰੀਕਾ ਦੇ ਟਰੇਡ ਸੈਂਟਰਾਂ ਅਤੇ ਪੈਂਟਾਗੋਨ ਉਤੇ ਕੀਤੇ ਹਮਲਿਆਂ ਮਗਰੋਂ, ਜੌਰਜ ਬੁਸ਼ ਸਰਕਾਰ ਵਲੋ, ਨਵੇਂ ਅੱਤਵਾਦ ਰੋਕੂ ਕਾਨੂੰਨ (Patriot Act) ਜਿਸ ਦਾ ਦੂਜਾ ਨਾਮ ਟੌਰਚਰ ਲਾਇਟ ਹੈ, ਹੋਂਦ ਵਿਚ ਲੈਆਂਦਾ ਗਿਆ। ਇਸ ਕਾਨੂੰਨ ਦੁਆਰਾ, ਸੰਯੁਕਤ ਰਾਸ਼ਟਰ ਦੇ ਗੈਨਫਰ ਕਨਵੈਨਸ਼ਨ ਮੁਤਾਬਕ ਨੀਅਤ ਮਨੁਖੀ ਅਧਿਕਾਰ ਚਾਰਟਰ ਨੂੰ, ਜਿਸ ਮੁਤਾਬਕ ਜਿਸਮਾਨੀ ਟੌਰਚਰ ਤਾਂ ਕੀ ਮਾਨਸਿਕ ਟੌਰਚਰ ਅਤੇ ਅਣਮਨੁਖੀ ਵਰਤਾਰੇ ਤੱਕ ਦੀ ਮਨਾਹੀ ਹੈ ਅਤੇ ਜਿਸ ਉਤੇ ਪਾਲਣਾਂ ਲਈ 1988 ਤੋਂ ਅਮਰੀਕਾ ਸਰਕਾਰ ਵੱਲੋਂ ਦਸਖਤ ਕੀਤੇ ਹੋਏ ਹਨ, ਨੂੰ ਅੱਤ ਬੇਸ਼ਰਮੀ ਅਤੇ ਢੀਠਤਾ ਨਾਲ ਪਰ੍ਹਾਂ ਸੁਟ ਦਿੱਤਾ ਗਿਆ ਅਤੇ ਆਪਣੀ ਸਰਕਾਰ ਨੂੰ, ਆਪਣੀ ਫੌਜ ਨੂੰ ਅਤੇ ਆਪਣੀਆਂ ਖੁਫੀਆਂ ਏਜੰਸੀਆਂ ਨੂੰ ਤਾਨਾਂਸ਼ਾਹੀ ਨੀਤੀਆਂ ਅਤੇ ਅਧਿਕਾਰਾਂ ਨਾਲ ਲੈਸ ਕਰ ਲਿਆ ਗਿਆ। ਇਥੇ ਹੀ ਬੱਸ ਨਹੀਂ। ਸਗੋਂ ਆਪਣੀਆਂ ਇਨਾਂ ਲੋਕਰਾਜੀ ਸਿਧਾਂਤਾਂ ਦੇ ਖਿਲਾਫ ਤਾਨਾਂਸ਼ਾਹੀ ਨੀਤੀਆਂ ਵਿਚ ਚੋਰੀ ਛੁਪੇ ਮੱਦਦ ਲਈ ਯੌਰਪੀਅਨ ਯੂਨੀਅਨ ਅਤੇ ਸੰਸਾਰ ਦੇ ਹੋਰ ਦੇਸ਼ਾਂ ਦੀਆਂ ਸਰਕਾਂਰਾਂ ਨੂੰ ਮੂੰਹ ਨਾ ਖੋਲਣ ਲਈ ਆਪਣੀਆਂ ਕੱਠਪੁਤਲੀਆਂ ਵੀ ਕਰ ਲਿਆ ਗਿਆ।

ਅਮਰੀਕਾ ਦੀ ਅਗਵਾਈ ਹੇਠ ਇਸ ਦੇ ਸਹਿਯੋਗੀ ਦੇਸ਼ਾਂ ਦੀਆਂ ਫੌਜਾਂ ਦੇ ਅਫਗਾਨਿਸਤਾਨ ਅਤੇ ਇਰਾਕ ਉਤੇ ਧਾਵੇ ਨਾਲ ਜਿਥੇ ਇਨਾਂ ਦੇਸ਼ਾਂ ਵਿਚ ਬੇਗਰਾਮ ਅਤੇ ਆਬੂਗਰੇਬ ਨਾਮ ਦੀਆਂ ਫੌਜੀ ਨਿਗਰਾਨੀ ਵਾਲੀਆਂ ਨਵੀਆਂ ਜੇਲਾਂ ਹੋਂਦ ਵਿਚ ਆਈਆਂ ਉਥੇ ਇਸ ਨਵੀਂ ਥਾਣੇਦਾਰ ਜੁੰਡਲੀ ਵੱਲੋਂ ਅਤਿ ਨਿਆਰੀ ਗੁਆਨਟੇਨਾਮੋ ਬੇ (ਕੂਬਾ) ਫੌਜੀ ਜੇਲ ਕਾਇਮ ਕਰ ਲਈ ਗਈ ਤਾਂ ਜੋ ਇਨਾਂ ਵੱਲੋਂ ਤਾਨਾਸ਼ਾਹੀ ਹਕੂਮਤਾਂ ਵਾਂਗਰ, ਮਨੁਖੀ ਅਧਿਕਾਰਾਂ ਦੀ ਸ਼ਰੇਆਮ ਘੋਰ ਅਵੱਗਿਆ ਕਰਦੇ ਹੋਏ ਵੀ ਆਪਣੇ ਦੇਸ਼ਾਂ ਦੇ ਲੋਕਰਾਜੀ ਸਵਿਧਾਨਾਂ ਅਤੇ ਕਾਨੂਨਾਂ ਦੇ ਦਾਇਰੇ ਚੋਂ ਆਪਣੇ ਬਚਾ ਲਈ ਬਾਹਰ ਰੱਖਿਆ ਜਾ ਸਕੇ।

ਹੁਣ ਸ਼ੱਕ ਜਾਂ ਸੱਚ, ਦੋਸ਼ੀ ਜਾਂ ਨਰਦੋਸ਼ੀ, ਨਿਹੱਥੇ ਜਾਂ ਹਥਿਆਰਬੰਦ ਦੇ ਭੇਦਾਂ ਨੂੰ ਖਤਮ ਕਰਦੇ ਹੋਏ, ਇਨਾਂ ਦੀਆਂ ਫੌਜਾਂ, ਖੁਫ਼ੀਆ ਏਜੰਸੀਆਂ ਅਤੇ ਇਨਾਂ ਦੇ ਭਾੜੇ ਦੇ ਸ਼ਿਕਾਰੀਆਂ ਵੱਲੋਂ ਆਪਣੇ ਵਿਰੋਧੀ ਜਾਣੇ ਜਾਂਦਿਆਂ ਦਾ ਸ਼ਿਕਾਰ ਸ਼ੁਰੂ ਕਰ ਦਿੱਤਾ ਗਿਆ। ਜਿਸ ਨੂੰ ਦਿਲ ਕੀਤਾ ਜਾਂ ਜਿਥੇ ਨਾ ਹੋਰ ਕੋਈ ਚਾਰਾ ਨਾ ਜਾਣੇ, ਖਤਮ ਕਰ ਦਿੱਤਾ। ਜਿਸ ਤੋਂ ਆਪਣੀ ਵਿਰੋਧੀ ਧਿਰ ਵਾਰੇ ਜਾਣਕਾਰੀ ਮਿਲ ਜਾਣ ਦੀ ਜਾਂ ਆਪਣੀ ਰਜਾ ਦੇ ਕਰਕੇ, ਆਪਣੇ ਹਿੱਤ ਲਈ ਵਰਤ ਲੈਣ ਦੀ ਆਸ ਭਾਸੀ, ਨੂੰ ਜ਼ਿੰਦਾ ਰੱਖ ਲਿਆ ਗਿਆ ਅਤੇ ਇਨਾਂ ਫੌਜੀ ਕੰਟਰੋਲ ਦੀਆਂ ਜੇਲਾਂ ਵਿਚ ਲਿਜਾਕੇ ਉਨਾਂ ਤੋਂ ਜਾਣਕਾਰੀ ਹਾਸਲ ਕਰਨ ਲਈ ਉਨਾਂ ਉਤੇ ਅਤਿ ਨੀਚ ਦਰਜੇ ਦੇ ਜਿਸਮਾਨੀ, ਮਾਨਸਿਕ ਅਤੇ ਅਤਿ ਅਸ਼ਲੀਲ ਭਰੇ ਤਸ਼ੱਦਦ ਕਰਨੇ ਸ਼ੁਰੂ ਕਰ ਦਿੱਤੇ ਗਏ। ਬਿਨਾਂ ਕਿਸੇ ਦੋਸ਼ ਪੱਤਰ ਜੇਲਾਂ ਵਿਚ ਡੱਕੀ ਰੱਖਣ, ਨਿਆਂ ਲਈ ਵਕੀਲ ਨਾ ਕਰਨ ਦੇਣ ਅਤੇ ਕਿਸੇ ਵਿਦੇਸ਼ੀ ਵਲੋਂ ਵਿਦੇਸ਼ ਵਿਚ ਆਪਣੇ ਤੇ ਹੋਏ ਜਿਸਮਾਨੀ, ਮਾਨਸਿਕ ਟੌਰਚਰ, ਅਣਮਨੁੱਖੀ ਵਿਵਹਾਰ ਅਤੇ ਅਨਿਆ ਦੇ ਖਿਲਾਫ ਅਮਰੀਕਾ ਜਾਂ ਕਿਸੇ ਹੋਰ ਦੇਸ਼ ਦੀ ਅਦਾਲਤ ਦੇ ਦਰਵਾਜੇ ਨੂੰ ਖੜਕਾ ਸਕਣ ਦੇ ਰਾਹਾਂ ਨੂੰ ਬੰਦ ਕਰ ਲਿਆ ਗਿਆ। ਇਥੋਂ ਤੱਕ ਕਿ ਇਸ ਠਾਣੇਦਾਰ ਫੌਜੀ ਸੰਗਠਨ ਵਲੋਂ ਆਪਣੀਆਂ ਇਨਾਂ ਟੌਰਚਰ ਲਈ ਸਥਾਪਤ ਫੌਜੀ ਜੇਲਾਂ ਦੇ ਦੌਰੇ ਦੀ, ਕਿਸੇ ਮਨੁੱਖੀ ਅਧਿਕਾਰ ਸੰਸਥਾ ਜਾਂ ਭਲਾਈ ਸੰਸਥਾ ਨੂੰ ਇਜਾਜਤ ਦੇਣੋਂ ਵੀ ਇਨਕਾਰੀ ਕਰ ਲਿਆ ਗਿਆ। ਜਦ ਕਿ ਗੁਅਨਟਾਨਾਮੋ ਦੇ ਮੁਖੀ ਅਮਰੀਕਨ ਫੌਜੀ ਕਮਾਂਡਰ Jay Hood ਵਲੋਂ ਇਸ ਗੱਲ ਨੂੰ ਸਵਿਕਾਰ ਵੀ ਕੀਤਾ ਹੈ ਕਿ ਕਈ ਹਾਲਤਾਂ ਵਿਚ ਸਹੀ ਦੀ ਥਾਂ ਗਲਤ ਬੰਦੇ, ਭਾਵ ਨਰਦੋਸ਼ ਵੀ ਫੜ ਰੱਖੇ ਨੇ।

ਅਜਿਹਾ ਇਕ ਕੇਸ ਜਰਮਨੀ ਦੇ ਸ਼ਹਿਰ ਬਰੇਮਨ ਤੋਂ ਇਕ ਤੁਰਕੀ ਮੂਲ ਦੇ ਇਸਲਾਮ ਨਾਲ ਸਬੰਧਤ ਇਕ ਪ੍ਰਾਣੀ ਮੁਰਾਦ ਕੁਰਨਾਜ਼ ਦਾ ਸਾਹਮਣੇ ਆਇਆ ਹੈ। ਜਿਸ ਨੂੰ 2001 ਵਿਚ ਪਾਕਿਸਤਾਨ ਤੋਂ ਫਇਆ ਅਤੇ ਸੀ ਆਈ ਏ ਵਲੋਂ ਗੁਅਨਟਾਨਾਮੋ ਲਿਆਦਾ ਗਿਆ ਅਤੇ ਕਰੜੀ ਪੁਛਗਿਛ ਦੇ ਬਾਵਯੂਦ ਵੀ ਨਰਦੋਸ਼ ਪਾਇਆ ਗਿਆ। ਭਾਵੇਂ ਕਿ ਅਮਰੀਕਨ ਸਰਕਾਰ ਵਲੋਂ ਕਿਸੇ ਵਦੇਸ਼ੀ ਵਲੋਂ ਆਪਣੇ ਨਾਲ ਹੋਏ ਅਨਿਆ, ਤਸ਼ੱਦਦ ਅਤੇ ਦੁਰਵਿਵਹਾਰ ਦੇ ਖਿਲਾਫ਼ ਕਿਸੇ ਅਮਰੀਕਨ ਅਦਾਲਤ ਦਾ

ਨਿਆਂ ਲਈ ਦਰ ਖੜਕਾ ਸਕਣਾਂ ਅਸੰਭਵ ਕਰ ਲਿਆ ਸੀ ਪਰ ਫਿਰ ਵੀ ਇਕ ਸਤਿਕਾਰਯੋਗ ਅਮਰੀਕਨ ਉਚ ਅਦਾਲਤ ਵਲੋਂ ਜੂਨ 2004 ਨੂੰ, ਇਸ ਤਾਨਾਸ਼ਾਹੀ ਕਾਨੂੰਨੀ ਵਿਵਸਥਾ ਦੇ ਖਿਲਾਫ ਫੈਸਲਾ ਦੇਕੇ, ਵਦੇਸ਼ੀਆਂ ਨੂੰ ਅਮਰੀਕਣ ਅਦਾਲਤ ਵਿਚ ਕੇਸ ਕਰਨ ਦੀ ਇਜਾਜਤ ਦੇ ਦਿੱਤੀ ਗਈ, ਇਸ ਦੇ ਬਾਵਯੂਦ ਵੀ ਕਿ ਅਨਿਆ ਭਾਵੇਂ ਕਿਸੇ ਹੋਰ ਦੇਸ਼ ਵਿਚ ਅਮਰੀਕਣ ਅਧਿਕਾਰੀਆਂ ਵਲੋਂ ਕੀਤਾ ਗਿਆ ਹੋਵੇ। ਇਸ ਅਦਾਲਤੀ ਫੈਸਲੇ ਮਗਰੋਂ ਮੁਰਾਦ ਕੁਰਨਾਜ਼ ਦਾ ਕੇਸ ਅਮਰੀਕਣ ਅਦਾਲਤ ਵਿਚ ਚੱਲਿਆ। ਅਮਰੀਕਣ ਅਦਾਲਤ ਵਲੋਂ ਵੀ ਉਸ ਨੂੰ ਨਿਰਦੋਸ਼ ਐਲਾਨਣ ਤੇ ਵੀ ਗੁਅਨਟਾਨਾਮੋ ਜੇਲ ਚੋਂ ਅਜੇ ਤੱਕ ਰਿਹਾ ਨਹੀ ਕੀਤਾ ਗਿਆ।

ਸਾਹਮਣੇ ਆਏ ਇਕ ਹੋਰ ਕੇਸ ਮੁਤਾਬਕ, ਇਕ ਸੂਰੀਆ ਮੂਲ ਦੇ ਜਰਮਨ ਬਸ਼ਿਦੇ ਹਾਇਦਰ ਸਾਮਰ ਨੂੰ ਸੀ ਆਈ ਏ ਵਲੋਂ ਚੁੱਕਿਆ ਗਿਆ ਅਤੇ ਟੌਰਚਰ ਕਰਵਾਕੇ ਜਾਣਕਾਰੀ ਹਾਸਲ ਕਰਨ ਲਈ ਸੂਰੀਆ ਦੇਸ਼ ਦੇ ਟੌਰਚਰ ਮਾਹਰਾਂ ਦੇ ਹਵਾਲੇ ਕਰ ਦਿੱਤਾ ਗਿਆ ਅਤੇ ਹੁਣ ਤੱਕ ਸੂਰੀਆ ਦੀ ਜੇਲ ਵਿਚ ਬੰਦ ਹੈ।

ਇਸੇ ਤਰਾਂ ਇਕ ਅਰਬੀ ਮੂਲ ਦੇ ਅਰਬੀ ਅਤੇ ਅੰਗਰੇਜੀ ਦੇ ਅਧਿਆਪਕ ਸਾਮੀਅਲ ਲਾਤੀ ਨੂੰ ਪਾਕਿਸਤਾਨ ਤੋਂ ਚੁਕਿਆ ਅਤੇ ਗੁਅਨਟਾਨਾਮੋ ਫੌਜੀ ਜੇਲ ਵਿਚ ਰੱਖਿਆ ਗਿਆ। ਜਿਸ ਦੀਆਂ ਟੌਰਚਰ ਨਾਲ ਰੀੜ ਦੀਆਂ ਦੋ ਹੱਡੀਆਂ ਹੀ ਤੋੜ ਦਿੱਤੀਆਂ ਗਈਆਂ ਅਤੇ ਅੱਖਾਂ ਤੋਂ ਵੀ ਅੰਨ੍ਹਾਂ ਕਰ ਦਿੱਤਾ ਗਿਆ ਅਤੇ ਫਿਰ ਤਿੰਨ ਸਾਲ ਮਗਰੋਂ ਨਰਦੋਸ਼ ਕਹਿ ਕੇ ਛੱਡ ਦਿੱਤਾ।

ਅਜਿਪਟ ਮੂਲ ਦੇ ਇਕ ਜਰਮਨ ਸਿਟੀਜਨ ਰੇਡਾ ਸੇਆਮ ਨੂੰ ਇੰਡੋਨੇਸ਼ੀਆ ਦੇ ਸ਼ਹਿਰ ਜਾਕਾਰਟਾ ਤੋਂ ਸੀ ਆਈ ਏ ਵਲੋਂ ਅਗਵਾਹ ਕੀਤਾ ਅਤੇ ਸੱਠ ਘਿੰਟੇ ਗੁਪਤ ਰੱਖਕੇ ਟੌਰਚਰ ਦੁਆਰਾ ਪੁੱਛਗਿਛ ਕਰਨ ਮਗਰੋਂ ਉਸ ਨੂੰ ਉਥੋਂ ਦੇ ਇਕ ਪੁਲੀਸ ਸਟੇਸ਼ਨ ਛੱਡ ਦਿੱਤਾ ਗਿਆ। ਜਰਮਨ ਅਧਿਕਾਰੀਆਂ ਦੀ ਇਕ ਵੱਡੀ ਟੀਮ ਵਲੋਂ ਉਸ ਨੂੰ ਜਕਾਰਟਾ ਤੋ ਆਪਣੀ ਨਿਗਰਾਨੀ ਹੇਠ ਜਰਮਨ ਵਾਪਿਸ ਲਿਆਂਦਾ ਗਿਆ, ਇਸ ਡਰ ਕਰਕੇ ਕਿ ਕਿਤੇ ਸੀ ਆਈ ਏ ਉਸ ਨੂੰ ਦੋਬਾਰਾ ਅਗਵਾਹ ਕਰਕੇ ਖਪਾ ਹੀ ਨਾ ਦੇਵੇ।

ਭਾਵੇਂ ਕਿ ਅਮਰੀਕਾ ਬਸ਼ਿਦਿਆਂ ਦੇ, ਸਰਕਾਰ ਦੀ ਵਿਰੋਧੀ ਧਿਰ ਦੇ, ਮੀਡੀਏ ਦੇ ਇਕ ਹਿਸੇ ਵੱਲੋਂ ਅਤੇ ਇਥੋਂ ਦੀਆਂ ਮਨੁੱਖੀ ਹੱਕਾਂ ਦੀ ਰਾਖੀ ਲਈ ਸਥਾਪਤ ਅਤੇ ਸਰਗ੍ਰਮ ਨਿਰਸਵਾਰਥ, ਆਜਾਦ ਸੰਸਥਾਵਾਂ ਅਮਰੀਕਨ ਸਿਵਲ ਲਿਬਰਟੀ ਯੂਨੀਅਨ (ACLU) ਹਿਉਮਨ ਰਾਇਟਸ ਵਾਚ (HRW) ਐਮਨਿਸਟੀ ਇੰਟਰਨੈਸ਼ਨਲ (ai) ਅਤੇ ਐਮਨਿਸਟੀ ਇੰਟਰਨੈਸ਼ਨਲ ਦੇ ਯੌਰਪ ਦੇ ਦੇਸ਼ਾਂ ਵਿਚ ਸਥਾਪਤ ਸੈਕਸ਼ਨਾਂ ਵਲੋਂ ਇਨਾਂ ਤਾਨਾਸ਼ਾਹੀ ਸ਼ਰੂ ਕਾਰਿਆਂ ਦੇ ਖਿਲਾਫ ਸਮੇਂ ਸਮੇਂ ਸਿਰ ਜੋਰਦਾਰ ਅਵਾਜ ਉਠਾਈ ਗਈ, ਪਰ ਫਿਰ ਵੀ ਇਨਾਂ ਲੋਕਰਾਜ ਦੇ ਬੁਰਕੇ ਵਿਚ ਬੰਦ ਮਾਨਤਾ ਪ੍ਰਾਪਤ ਤਾਨਾਸ਼ਾਹਾਂ ਦੇ ਕੰਨਾਂ ਲਈ ਇਹ ਅਵਾਜ ਅਣਸੁਣੀ ਹੀ ਰਹੀ।

ਪਰ ਆਪਣੇ ਰੱਬ ਆਕਾਲ ਪੁਰਖ ਵਾਹਿਗੁਰੂ ਦਾ ਭਾਣਾਂ, ਇਨਾਂ ਲੋਕਰਾਜ ਦੇ ਪਰਦੇ ਧੱਲੇ ਪਲ ਰਹੇ ਨਵੇਂ ਹੰਕਾਰੀਆਂ ਦੇ ਹੁਕਮੀਂ ਹੋ ਰਹੇ ਅੱਤ ਅਣਮਨੁੱਖੀ ਤਾਨਾਸ਼ਾਹੀ ਕਾਰਿਆਂ ਦਾ ਜੱਗ ਜਾਹਰ ਹੋਣਾਂ ਹੀ ਸੀ। ਇਸ ਕਰਕੇ ਇਰਾਕ ਤੇ ਕਾਬਜ ਫੌਜ ਦੀ ਇਕ ਅਤਿ ਬੇਸ਼ਰਮ, ਬੇਹਿਆ ਅਤੇ ਕਾਮੀਨੀ ਇਕ ਫੌਜਣ ਔਰਤ, ਉਸ ਦੇ ਸਾਥੀ ਅਤੇ ਹੋਰ ਫੌਜੀਆਂ ਦੁਆਰਾ ਆਪਣੀ ਨਿੱਜੀ ਟੌਹਰ ਅਤੇ ਜਿਤ ਦੇ ਪ੍ਰਤੀਕ ਵਜੋਂ ਆਬੂਗਰੇਬ ਜੇਲ ਵਿਚ ਲਈਆਂ ਤਸਵੀਰਾਂ ਮੀਡੀਏ ਵਿਚ ਨਸ਼ਰ ਹੋ ਗਈਆਂ। ਅੱਤ ਅਣਮਨੁੱਖੀ ਅਤੇ ਜਾਬਰ ਕਾਰਿਆਂ ਦੇ ਸਬੂਤ ਸਾਹਮਣੇ ਆ ਜਾਣ ਕਰਕੇ ਹੀ ਇਸ ਠਾਣੇਦਾਰ ਫੌਜੀ ਸੰਗਠਨ ਵਲੋਂ ਇਨਾਂ ਦੋਸ਼ੀਆਂ ਨੂੰ ਆਪਣੀਆਂ ਫੋਜੀ ਅਦਾਲਤਾਂ ਵਿਚ ਖੜ੍ਹਾ ਕਰਨ ਲਈ ਮਜਬੂਰ ਹੋਣਾਂ ਪਿਆ। ਫੌਜੀ ਅਦਾਲਤਾਂ ਵਲੋਂ ਇਨਾਂ ਫੌਜੀਆਂ ਦੇ ਕੁਕਰਮਾਂ ਨੂੰ, ਇਨਾਂ ਦੇ ਨਿਜ ਨਾਲ ਜੋੜਦਿਆਂ, ਕੁਝ ਕੈਦ ਦੀਆਂ ਸਜਾਵਾਂ ਸੁਣਾਈਆਂ ਗਈਆਂ। ਪਰ ਇਨਾਂ ਕੁਕਰਮਾਂ ਦੇ ਹੁਕਮ ਦੇਣ ਵਾਲੇ ਅਸਲ ਹਾਕਮਾਂ ਜਾਂ ਮਨਜੂਰੀ ਦੇਣ ਵਾਲੇ ਅਤੇ ਚੁਪੀਤੇ ਦੇਖਦੇ ਰਹਿਣ ਵਾਲੇ ਫੌਜੀ ਉਚ ਅਧਿਕਾਰੀਆਂ ਨੂੰ ਨੰਗੇ ਹੋਣੋਂ ਬਚਾ ਲਿਆ ਗਿਆ ਹੈ।

ਇਥੇ ਹੀ ਬੱਸ ਨਹੀਂ। ਅਮਰੀਕੀ ਦੀ ਖੁਫੀਆ ਏਜੰਸੀ ਸੀ ਆਈ ਏ, ਜਿਸ ਦਾ ਕੰਟਰੋਲ ਸਿੱਧਾ ਅਮਰੀਕਨ ਪ੍ਰਧਾਨ ਕੋਲ ਹੈ, ਵਲੋਂ 2002 ਤੋਂ ਗੁਪਤ ਅਪਰੇਸ਼ਨਾਂ ਦੁਆਰਾ ਸੰਸਾਰ ਭਰ ਵਿਚੋਂ ਅਤਿਵਾਦ ਦੇ ਖਿਲਾਫ ਲੜਾਈ ਦੇ ਨਾਮ ਉਤੇ ਆਪਣੇ ਲਈ ਖਤਰਾ ਜਾਣੇ ਜਾਂਦਿਆਂ ਨੂੰ ਜਾਂ ਇਨਾਂ ਦੇ ਸਾਥੀ ਜਾਂ ਸਹਿਯੋਗੀ ਹੋਣ ਦੇ ਸ਼ੱਕੀ ਬੰਦਿਆਂ ਨੂੰ ਚੁਕਣਾਂ ਅਤੇ ਉਨਾਂ ਨੂੰ ਟੌਰਚਰ ਕਰਨ ਲਈ ਹੋਰ ਦੇਸ਼ਾਂ ਦੇ ਟੌਰਚਰ ਮਾਹਰਾਂ ਦੇ ਹਵਾਲੇ ਕਰਕੇ ਜਾਣਕਾਰੀ ਹਾਸਲ ਕਰਨ ਦੀ ਤਾਨਾਸ਼ਾਹੀ ਨੀਤੀ ਅਪਣਾ ਲਈ ਗਈ। ਇਸ ਕੁਕਰਮ ਲਈ ਜਿਨਾਂ ਦੇਸ਼ਾਂ ਦੀਆਂ ਜੇਲਾਂ ਵਿਚ ਗੁਪਤ ਬੰਦੇ ਰੱਖਕੇ ਟੌਰਚਰ ਦੇ ਮਾਹਰ ਜਲਾਦਾਂ ਦੀਆਂ 2004 ਤੱਕ ਸੇਵਾਵਾਂ ਹਾਸਲ ਕੀਤੀਆਂ, ਗਈਆਂ ਉਨਾਂ ਵਿਚ ਸੂਰੀਆ, ਅਫਗਾਨਿਸਤਾਨ, ਥਾਈਲੈਂਡ, ਜਰਦਾਨੀਆ, ਮਰਾਕੋ, ਪਾਕਿਸਤਾਨ ਅਤੇ ਅਜਿਪਟ ਅਤੇ ਕੌਸੋਵੋ ਦੇ ਨਾਮ ਲੇਏ ਗਏ ਹਨ।

ਇਥੇ ਹੀ ਬੱਸ ਨਹੀਂ। ਇਹ ਦੋਸ਼ ਵੀ ਬੜੀ ਉਚੀ ਆਵਾਜ਼ ਵਿਚ ਸਾਹਮਣੇ ਆਇਆ ਹੈ ਕਿ ਸੀ ਆਈ ਏ ਵਲੋਂ ਯੌਰਪ ਦੇ ਦੇਸ਼ਾਂ ਪੋਲੈਂਡ, ਰੁਮੇਨੀਆ, ਤੁਰਕੀ, ਕੋਂਜੋਵੋ ਅਤੇ ਹੋਰ ਦੇਸ਼ਾਂ ਵਿਚ ਗੁਪਤ ਜੇਲਾਂ ਵੀ ਸਥਾਪਤ ਕੀਤੀਆਂ ਹੋਈਆਂ ਹਨ। ਯੌਰਪ ਦੇ ਅਤੇ ਸੰਸਾਰ ਦੇ ਹੋਰ ਦੇਸ਼ਾਂ ਵਿਚੋਂ, ਉਥੋਂ ਦੀਆਂ ਸਰਕਾਰਾਂ ਅਤੇ ਸਰਕਾਰੀ ਖੁਫੀਆ ਏਜੰਸੀਆਂ ਦੀ ਮਿਲੀ ਭੁਗਤ ਨਾਲ ਆਪਣੇ ਵਿਰੋਧੀ ਐਲ-ਕਾਇਦਾ ਨਾਲ ਸਬੰਧਤ ਵਿਆਕਤੀਆਂ ਨੂੰ, ਇਨਾਂ ਦੇ ਸਾਥੀ, ਸਹਿਯੋਗੀਆਂ ਅਤੇ ਆਪਣੇ ਲਈ ਖਤਰਾ ਜਾਨਣ ਵਾਲੇ ਹੋਰ ਇਨਸਾਨਾਂ ਨੂੰ ਗੁਪਤ ਅਪਰੇਸ਼ਨਾਂ ਦੁਆਰਾ ਅਗਵਾਹ ਕੀਤਾ ਜਾਂਦਾ ਹੈ। ਉਨਾਂ ਨੂੰ ਭਾੜੇ ਦੇ ਜਹਾਜਾਂ ਦੁਆਰਾ ਇਨਾਂ ਗੁਪਤ ਜੇਲਾਂ ਵਿਚ ਲਿਜਾਕੇ ਜਿਸਮਾਨੀ ਅਤੇ ਮਾਨਸਿਕ ਟੌਰਚਰ ਕਰਕੇ ਸੱਚੀ ਜਾਂ ਝੂਠੀ ਜਾਣਕਾਰੀ ਉਗਲਾਈ ਜਾ ਰਹੀ ਹੈ। ਚੋਰੀਂ ਅਗਵਾਹ ਕੀਤੇ ਬੰਦਿਆਂ ਦੀ ਢੋਆ ਢੁਆਈ ਲਈ ਜਰਮਨੀ ਦੇ ਸ਼ਹਿਰ ਫਰੰਕਫਰਟ ਦਾ ਸਿਵਲ ਹਵਾਈ ਅੱਡਾ ਅਤੇ ਅਮਰੀਕਣ ਫੌਜ ਦੇ ਅਧੀਨ ਫੌਜੀ ਹਵਾਈ ਅੱਡੇ ਨੂੰ ਸਰਗ੍ਰਮੀਆਂ ਦਾ ਮੁਖ ਕੇਂਦਰ ਐਲਾਨਣ ਦੇ ਨਾਲ ਨਾਲ, ਹਮਬੁਰਗ, ਨੁਰਨਬੈਰਗ, ਬਰਲੀਨ, ਹੇਸਨ ਸਟੇਟ ਦੇ ਏਗਲਸਬੱਖ ਅਤੇ ਅਮਰੀਕਣ ਫੌਜ ਦੇ ਅਧੀਨ ਰਮਸਟਾਇਨ ਦੇ ਹਵਾਈ ਅੱਡਿਆਂ ਦੀ ਕੀਤੀ ਗਈ ਵਰਤੋਂ ਵਾਰੇ ਵੀ ਨਸ਼ਰ ਹੋ ਚੁੱਕਾ ਹੈ। ਪੂਰੇ ਯੌਰਪ ਚੋਂ ਸੀ ਆਈ ਏ ਵੱਲੋਂ ਗੁਪਤੀ ਸ਼ੱਕੀ ਭਰੀਆਂ ਅਤੇ ਉਤਰੀਆਂ ਇਕ ਹਜਾਰ ਉਡਾਣਾਂ ਦਾ ਅਤੇ ਇਨਾਂ ਵਿਚੋਂ ਇਕੱਲੇ ਜਰਮਨੀ ਦੇ ਵਾਯੂਮੰਡਲਾਂ ਨੂੰ 437 ਵਾਰ ਉਤਰਨ ਅਤੇ ਉਡਣ ਲਈ ਵਰਤਣ ਦਾ ਜ਼ਿਕਰ ਹੈ। ਇਸ ਅਣਸਵਿਧਾਨਿਕ ਅਤੇ ਲੋਕਰਾਜੀ ਅਸੂਲਾਂ ਦੇ ਉਲਟ, ਤਾਨਾਸ਼ਾਹੀ ਕਾਰੇ ਲਈ ਸੀ ਆਈ ਏ ਵਲੋਂ ਇਜ਼ਰਾਇਲ ਦੀ ਖੁਫੀਆ ਏਜੰਸੀ ਮੋਸਾਦ ਨੂੰ ਵੀ ਆਪਣੇ ਨਾਲ ਪੂਰੀ ਤਰਾਂ ਸ਼ਾਮਿਲ ਕਰੀ ਰੱਖਿਆ ਹੈ।

ਭਾਵੇਂ ਕਿ ਸੀ ਆਈ ਏ ਦੀ ਸਰਪ੍ਰਸਤੀ ਹੇਠ, ਸੰਸਾਰ ਭਰ ਵਿਚੋਂ ਸ਼ੱਕੀ ਜਾਂ ਸੱਚੀ ਵਿਰੋਧੀਆਂ ਨੂੰ ਕਿਡਨੈਪ ਕਰਨ, ਉਨਾਂ ਦੀ ਕਿਰਾਏ ਦੇ ਜਹਾਜਾਂ ਰਾਹੀ ਗੁਪਤ ਕਾਇਮ ਕੀਤੀਆਂ ਜੇਲਾਂ ਨੂੰ ਢੋਆ ਢੁਆਈ ਅਤੇ ਇਨਾਂ ਗੁਮਨਾਮ ਜੇਲਾਂ ਵਿਚ ਕਿਡਨੈਪ ਕਰਕੇ ਰੱਖੇ ਵਿਅਕਤੀਆਂ ਉਤੇ ਜਿਸਮਾਨੀ, ਮਾਨਸਿਕ ਟੌਰਚਰ ਅਤੇ ਦੁਰਵਿਵਹਾਰ ਵਾਰੇ ਮੀਡੀਏ ਵੱਲੋਂ ਅਤੇ ਮਨੁਖੀ ਅਧਿਕਾਰ ਸੰਸਥਾਵਾਂ ਵਲੋਂ ਇਕੱਤਰ ਜਾਣਕਾਰੀ, ਇਸ ਅਤਿ ਘਿਨਾਉਣੇ ਸਕੈਂਡਲ ਵਿਚ ਸਿੱਧੇ ਜਾਂ ਅਸਿੱਧੇ ਰੂਪ ਵਿਚ ਸ਼ਾਮਿਲ ਸਰਕਾਰਾਂ ਅੱਗੇ ਰੱਖੀ ਗਈ। ਪਰ ਫਿਰ ਵੀ ਕਿਸੇ ਵੀ ਸਰਕਾਰ ਵਲੋਂ ਨਾ ਤੇ ਇਸ ਸਕੈਂਡਲ ਤੋਂ ਪਰਦਾ ਲਾਹੁਣ ਅਤੇ ਨਾ ਹੀ ਇਸ ਸਕੈਂਡਲ ਦੁਆਰਾ ਹੋ ਰਹੇ ਕੁਕਰਮਾਂ ਨੂੰ ਰੋਕਣ ਲਈ ਜੁਬਾਨ ਤੱਕ ਹੀ ਖੋਹਲੀ ਗਈ। ਸਗੋਂ ਉਲਟ ਸੱਚ ਨੂੰ ਨਿਰਭੈਅ ਸੁਣਾ ਦੇਣ ਵਾਲੇ ਨਿਰਸਵਾਰਥ ਨਿਆ ਪਸੰਦ ਅਤੇ ਇਮਾਨਦਾਰ ਇਨਸਾਨ ਦਾ ਮੂੰਹ ਬੰਦ ਕਰ ਦੇਣ ਲਈ, ਉਨਾਂ ਨੂੰ ਬਿਨਾਂ ਸਬੂਤਾਂ ਦੇ ਭੰਡੀ ਪ੍ਰਚਾਰ ਕਰਨ ਵਾਲੇ ਅੱਤਵਾਦੀਆਂ ਦੇ ਹਮਾਇਤੀਆਂ ਹੋਣ ਦੀਆਂ ਉਚੀ ਉਚੀ ਊਜਾਂ ਨਾਲ ਸ਼ੰਗਾਰਨਾਂ ਸ਼ੁਰੂ ਕਰ ਦਿੱਤਾ ਗਿਆ। ਜਦ ਕਿ ਜਿਸ ਦਾ ਨਾਮ ਹੀ ਖੁਫੀਆ ਹੈ ਅਤੇ ਕੰਮ ਵੀ ਖੁਫੀਆ ਹੈ ਉਹ ਆਪਣੇ ਖੁਫੀਆ ਕੰਮਾਂ ਦੇ ਸਬੂਤਾਂ ਨੂੰ ਆਪਣੇ ਵਲੋਂ ਪੂਰੀ ਤਰਾਂ ਖਤਮ ਕਰਨਗੇ ਹੀ।

ਉਦਾਹਰਣ ਵਜੋਂ ਹਿਉਮਨ ਰਾਈਟ ਵਾਚ ਵਲੋਂ ਦਸਤਾਵੇਜ਼ਾਂ ਦੇ ਅਧਾਰ ਤੇ ਪੋਲੈਂਡ ਵਿਚ ਸੀ ਆਈ ਏ ਦੀਆਂ ਗੁਪਤ ਜੇਲਾਂ ਵਾਰੇ ਪੋਲੈਂਡ ਪਹੁੰਚਕੇ ਤਪਤੀਸ਼ ਕਰਨ ਦੀ ਪੋਲੈਂਡ ਸਰਕਾਰ ਤੋਂ ਇਜਾਜਤ ਮੰਗੀ ਹੀ ਸੀ ਕਿ ਇਹ ਇਜਾਜਤ ਤਾਂ ਕੀ ਮਿਲਣੀਂ ਸੀ, ਸਗੋਂ ਜਲਦੀ ਨਾਲ ਇਨਾਂ ਗੁਪਤ ਜੇਲਾਂ ਦੇ ਸਬੂਤ ਹੀ ਮਿਟਾ ਦਿੱਤੇ ਗਏ ਅਤੇ ਇਨਾਂ ਜੇਲਾਂ ਵਿਚ ਅਗਵਾਹ ਕਰਕੇ ਰੱਖੇ ਬੰਦੇ ਨਾਰਥ ਅਫਰੀਕਾ ਪਹੁੰਚਾ ਦਿੱਤੇ ਗਏ। ਪੋਲੈਂਡ ਦੇ ਰੱਖਿਆ ਮੰਤਰੀ (Radoslaw Sikoriki), ਪ੍ਰਧਾਨ ਮੰਤਰੀ (Kzimierz Marcinkiewiez) ਅਤੇ ਖੁਫੀਆ ਏਜੰਸੀ ਦੇ ਮੁਖੀ (Zbignicw Wassermann) ਨੇ ਉਨਾਂ ਦੇ ਦੇਸ਼ ਵਿਚ ਕਿਸੇ ਗੁਪਤ ਜੇਲ ਦੇ ਹੋਣ ਦਾ ਪੂਰੇ ਜੋਰ ਸ਼ੋਰ ਨਾਲ ਖੰਡਨ ਕਰਨਾਂ ਸ਼ੁਰੂ ਕਰ ਦਿੱਤਾ ਗਿਆ। ਰੋਮਾਨੀਆਂ ਦੇ ਵਦੇਸ਼ ਮੰਤਰੀ ਮੀਹਾਈ ਰਜ਼ਮਨ ਉਨਗੁਰਿਆਨੋ ਵੀ ਉਨਾਂ ਦੇ ਦੇਸ਼ ਵਿਚ ਸੀ ਆਈ ਏ ਦੀਆਂ ਗੁਪਤ ਜੇਲਾਂ ਦੇ ਹੋਣ ਨੂੰ ਗਲਤ ਦਸ ਰਹੇ ਨੇ। ਇਸੇ ਤਰਾ ਹੀ ਤੁਰਕੀ ਵੀ ਆਪਣੇ ਤੇ ਇਸ ਦੋਸ਼ ਨੂੰ ਮੰਨਣੋਂ ਇਨਕਾਰੀ ਹੈ ਕਿ ਉਨਾਂ ਦੇ ਦੇਸ਼ ਵਿਚ ਸੀ ਆਈ ਏ ਦੀਆਂ ਗੁਪਤ ਜੇਲਾਂ ਹਨ। ਜਦ ਕਿ ਤੁਰਕੀ ਦੇ ਹੀ ਇਕ ਵਕੀਲ ਔਸਮਾਨ ਕਾਰਾਹਾਨ ਵੱਲੋਂ ਖਬਰਾਂ ਨਸ਼ਰ ਕਰਨ ਵਾਲੇ ਇਕ ਟੀਵੀ ਸੈਂਟਰ ਐਨ ਟੀ ਵੀ ਨੂੰ ਦਿੱਤੀ ਇਕ ਇੰਟਰਵਿਓ ਵਿਚ ਇਥੇ ਸੀ ਆਈ ਏ ਦੀਆਂ ਗੁਪਤੀ ਜੇਲਾਂ ਦੇ ਹੋਣ ਦੀ ਪੁਸ਼ਟੀ ਕੀਤੀ ਹੈ ਅਤੇ ਇਨਾਂ ਵਿਚ 150 ਤੱਕ ਸ਼ੱਕੀ ਬੰਦਿਆਂ ਦੇ ਰੱਖੇ ਹੋਣ ਦਾ ਇਕਸ਼ਾਫ ਕੀਤਾ ਹੈ।

ਸੀ ਆਈ ਏ ਦੀਆਂ ਤੁਰਕੀ ਵਿਚ ਗੁਪਤ ਜੇਹਲਾਂ ਹੋਣ ਵਾਰੇ ਮੀਡੀਏ ਵਿਚ ਚਰਚਾ ਹੋਣੀ ਸ਼ੁਰੂ ਹੋ ਜਾਣ ਮਗਰੋਂ ੧੧ ਦਸੰਬਰ 2005 ਨੂੰ ਸੀ ਆਈ ਏ ਦੇ ਮੁਖੀ ਪੋਰਟਰ ਜੇ ਗੁੱਸ ਅਤੇ ਇਸ ਤੋਂ ਇਕ ਹਫਤੇ ਪਹਿਲੇ ਐਫ ਬੀ ਆਈ ਦੇ ਡਰਿਕਟਰ ਪੇਟਰ ਮੁਅਲਰ ਵਲੋਂ ਉਪਰੋਂ ਥਲੀ ਤੁਰਕੀ ਦਾ ਦੌਰਾ ਕੀਤਾ ਗਿਆ। ਯਾਦ ਰਹੇ ਕਿ ਯੌਰਪੀਅਨ ਯੂਨੀਅਨ ਦੇ ਦੇਸ਼ਾਂ ਵਿਚ ਸ਼ਾਮਿਲ ਹੋਣ ਲਈ ਉਮੀਦਵਾਰ ਤੁਰਕੀ ਇਕ ਅਜਿਹਾ ਦੇਸ਼ ਹੈ ਜਿਸ ਦੀ ਪੁਲੀਸ ਵੱਲੋਂ ਪੰਜਾਬ ਪੁਲੀਸ ਵਾਂਗਰ

ਖੁਦ ਧਮਾਕੇ ਆਦਿ ਕਾਂਡ ਕਰਕੇ, ਕੁਰਦੀ ਖਾੜਕੂਆਂ ਦੇ ਨਾਮ ਮੜ੍ਹੇ ਜਾਂਦੇ ਨੇ ਤਾਂ ਕਿ ਇਸ ਕੌਮ ਦੇ ਲੋਕਾਂ ਅਤੇ ਖਾੜਕੂਆਂ ਤੇ ਸਰਕਾਰੀ ਤਸ਼ੱਦਦ ਨੂੰ ਜਾਇਜ ਠਹਿਰਾਉਂਦਿਆਂ, ਉਨਾਂ ਦੇ ਮਨੁੱਖੀ ਹੱਕਾਂ ਦਾ ਘਾਣ ਕਰਦੇ ਰਹਿਣ ਲਈ ਅਤੇ ਉਨਾਂ ਵਲੋਂ ਆਪਣੀ ਆਜਾਦੀ ਦੀ ਮੰਗ ਨੂੰ ਅੱਤਵਾਦ ਦਾ ਨਾਮ ਦੇ ਕੇ ਕੁਚਲਿਆ ਜਾਂਦਾ ਰਹੇ।

ਏਅਰਲੈਂਡ ਦੇ ਵਦੇਸ਼ ਮੰਤਰੀ ਡਿਰਮੋਟ ਆਹਿਰਨ, ਸੀ ਆਈ ਏ ਵਲੋਂ ਸ਼ੱਕੀਆਂ ਦੀ ਗੁਪਤ ਜੇਲਾਂ ਤੱਕ ਪਹੁੰਚਾਈ ਲਈ ਉਨਾਂ ਦੇ ਵਾਯੂਮੰਡਲ ਨੂੰ ਵਰਤਿਆ ਹੋਵੇਗਾ, ਮੰਨਣ ਤੋਂ ਇਨਕਾਰੀ ਹੈ।

ਇੰਗਲੈਂਡ ਦੇ ਵਦੇਸ਼ ਮੰਤਰੀ ਜਾਕ ਸਟਰਾਅ ਆਪਣੀ ਸਰਕਾਰ ਦਾ, ਸੀ ਆਈ ਏ ਦੇ ਇਸ ਸਕੈਂਡਲ ਵਾਰੇ ਅਣਜਾਣ ਹੋਣਾਂ ਤਾਂ ਐਲਾਨ ਰਹੇ ਨੇ ਪਰ ਨਾਲ ਹੀ ਇਹ ਵੀ ਕਹਿ ਰਹੇ ਨੇ ਕਿ ਉਨਾਂ ਦੇ ਦੇਸ਼ ਵਿਚੋਂ ਉਡਾਣਾਂ ਭਰਨ, ਉਤਰਨ ਅਤੇ ਵਿਚਕਾਰ ਸਟੌਪ ਕਰਨ ਵਾਲੇ ਵਦੇਸ਼ੀ ਜਹਾਜਾਂ ਦੀ ਪੁਛਗਿਛ ਕਰਨ ਦਾ ਉਹ ਅਧਿਕਾਰ ਨਹੀ ਰਖਦੇ। ਜਦ ਕਿ ਇੰਗਲੈਂਡ ਤੋਂ ਅਮਨੈਸਟੀ ਇੰਟਰਨੈਸ਼ਨਲ ਦੇ ਬੁਲਾਰੇ ਕਲਾਉਡੀਓ ਕੁਰਡੋਨ ਨੇ ਦਸਤਾਵੇਜਾਂ ਦੇ ਅਧਾਰ ਉਤੇ ਇਸ ਸਕੈਂਡਲ ਵਾਰੇ ਇੰਗਲੈਂਡ ਦੀ ਸਰਕਾਰ ਦੇ ਜਾਣਕਾਰ ਹੋਣ ਦਾ ਦੋਸ਼ ਲਗਾਇਆ ਗਿਆ ਹੈ ਅਤੇ ਕਿਸੇ ਆਜਾਦ ਕਮਿਸ਼ਨ ਕੋਲੋਂ ਇਸ ਸਕੈਂਡਲ ਦੀ ਜਾਚ ਕਰਵਾਣ ਦੀ ਮੰਗ ਕੀਤੀ ਹੈ।

ਜਰਮਨੀ ਵਿਚ ਹੋਈਆਂ ਚੋਣਾਂ ਵਿਚ ਸੋਸ਼ਲ ਡੈਮੋਕਰੇਟ ਪਾਰਟੀ ਅਤੇ ਗਰੂਨਨ ਪਾਰਟੀ ਦੀ ਸਾਂਝੀ ਸਰਕਾਰ ਨੂੰ ਅਤੇ ਵੋਰਧੀ ਧਿਰ ਵਿਚ ਸ਼ਾਮਿਲ ਪਾਰਟੀਆਂ ਨੂੰ ਬਹੁਮੱਤ ਹਾਸਲ ਨਾ ਹੋਣ ਕਰਕੇ ਨਵੰਬਰ ਮਹੀਨੇ ਦੋ ਵੱਡੀਆਂ ਪਾਰਟੀਆਂ ਕ੍ਰਿਸਚੀਅਨ ਡੈਮੋਕਰੇਟ ਅਤੇ ਸੋਸ਼ਲ ਡੈਮੋਕਰੇਟ ਪਾਰਟੀਆਂ ਦੀ ਸਾਂਝੀ ਸਰਕਾਰ ਹੋਂਦ ਵਿਚ ਆ ਚੁੱਕੀ ਹੈ। ਕ੍ਰਿਸਚੀਅਨ ਡੈਮੋਕਰੇਟ ਪਾਰਟੀ ਦੇ ਸ੍ਰੀ ਮਤੀ ਅੰਗੇਲਾ ਮੈਰਕਲ ਜਰਮਨੀ ਦੇ ਪਹਿਲੇ ਲੈਡੀ ਪ੍ਰਧਾਨ ਮੰਤਰੀ ਬਣੇ ਨੇ ਅਤੇ ਵਿਦੇਸ਼ ਮੰਤਰੀ ਸ੍ਰੀ ਮਾਨ ਵਲਟਰ ਸਟਾਇਨ ਮਾਇਆ ਸੋਸ਼ਲ ਡੈਮੋਕਰੇਟ ਪਾਰਟੀ ਨਾਲ ਸਬੰਧਤ ਹਨ ਜੋ ਆਪਣੀ ਪਾਰਟੀ ਦੀ ਸਾਬਕ ਸਰਕਾਰ ਸਮੇਂ ਪ੍ਰਧਾਨ ਮੰਤਰੀ ਦੇ ਦਫਰਤ ਦੇ ਮੁਖੀ ਵੀ ਸਨ। ਸੋ ਸੀ ਆਈ ਏ ਦੀਆਂ ਸ਼ੱਕੀ ਉਡਾਣਾਂ ਦਾ ਸਕੈਂਡਲ, ਜਿਸ ਲਈ ਜਰਮਨੀ ਦੇ ਵਾਯੂਮੰਡਲ ਦੀ ਵਰਤੋਂ ਕੀਤੀ ਗਈ, ਨਵੀਂ ਪ੍ਰਧਾਨ ਮੰਤਰੀ ਨੂੰ ਅਸਿੱਧੇ ਤੌਰ ਉਤੇ ਅਤੇ ਵਿਦੇਸ਼ ਮੰਤਰੀ ਨੂੰ ਸਿੱਧੇ ਤੌਰ ਉਤੇ ਵਿਰਸੇ ਵਿਚ ਮਿਲ ਗਿਆ ਹੈ। ਨਵੇਂ ਵਿਦੇਸ਼ ਮੰਤਰੀ ਵਲੋਂ ਆਪਣੀ ਜਾਂ ਆਪਣੀ ਪਾਰਟੀ ਦੇ ਸਾਬਕਾ ਅਤੇ ਮਾਜੂਦਾ ਕਿਸੇ ਮੰਤਰੀ ਦੇ ਇਸ ਸੈਕੈਂਡਲ ਵਾਰੇ ਜਾਣਕਾਰ ਹੋਣ ਤੋਂ ਨਾਹ ਕੀਤੀ ਜਾ ਰਹੀ ਹੈ, ਕੋਲ 437 ਸੀ ਆਈ ਏ ਦੀਆਂ ਸ਼ੱਕੀ ਉਡਾਣਾਂ ਦੀ ਲਿਸਟ ਹੋਣ ਦੇ ਬਾਵਯੂਦ ਵੀ ਅਤੇ ਅਮਨੈਸਟੀ ਇੰਟਰਨੈਸ਼ਨਲ ਜਰਮਨੀ ਸੈਕਸ਼ਨ ਦੀ ਜਨਰਲ ਸੈਕਟਰੀ ਬੀਬੀ ਬਾਰਬਰਾ ਲੁੱਕਬੀਹਲਰ ਵਲੋਂ ਇਸ ਇੰਕਸ਼ਾਫ ਦੇ ਬਾਵਯੂਦ ਵੀ ਕਿ ਇਨਾਂ ਸ਼ੱਕੀ ਉਡਾਣਾਂ ਦੀ ਜਾਣਕਾਰੀ ਸਬੰਧਤ ਅਧਿਕਾਰੀਆਂ ਨੂੰ ਬਹੁਤ ਦੇਰ ਪਹਿਲੋਂ ਹੀ ਦਿਤੀ ਜਾ ਚੁੱਕੀ ਸੀ।

ਅਮਨੈਸਟੀ ਇੰਟਰਨੈਸ਼ਨਲ ਅਮਰੀਕਾ ਦੇ ਮੁਖੀ ਫਿਰਦੀਨੰਦ ਮੂਗਨਥਾਲਰ ਵੀ ਇਕੱਤਰ ਦਸਤਾਵੇਜ਼ਾਂ ਅਤੇ ਜਾਣਕਾਰੀ ਦੇ ਅਧਾਰ ਉਤੇ ਇਹ ਗੱਲ ਕਿਸੇ ਵੀ ਤਰਾਂ ਮੰਨਣ ਲਈ ਤਿਆਰ ਨਹੀ ਕਿ ਜਰਮਨ ਸਰਕਾਰ ਨੂੰ ਇਸ ਸਕੈਂਡਲ ਵਾਰੇ ਜਾਣਕਾਰੀ ਨਾ ਹੋਵੇ।

ਜਰਮਨ ਖੁਫੀਆ ਏਜੰਸੀ ਬੀ ਐਨ ਡੇ ਦੇ ਮੁਖੀ ਐਂਰਸਟ ਉਰਲਾਓ ਵੀ ਵਦੇਸ਼ ਮੰਤਰੀ ਦੀ ਤਰਾਂ ਇਹ ਹੀ ਰੱਟ ਲਗਾ ਰਹੇ ਹਨ ਕਿ ਸਰਕਾਰ ਨੂੰ ਸੀ ਆਈ ਏ ਦੀਆਂ ਸ਼ੱਕੀ ਉਡਾਣਾਂ ਵਾਰੇ ਕੋਈ ਖਬਰ ਨਹੀਂ ਹੈ। ਇਹ ਹੈ ਡਾਢਿਆਂ ਦਾ ਸੱਤੀਂ ਬੀਹੀਂ ਸੌ।

ਪਰ ਇਥੇ ਵੀ ਸੱਭ ਸਮਰੱਥ ਆਪਣੇ ਰੱਬ ਅਕਾਲਪੁਰਖ ਵਾਹਿਗੁਰੂ ਨੂੰ ਲੋਕਰਾਜ ਦੇ ਪਰਦੇ ਥੱਲੇ ਤਾਨਾਂਸ਼ਾਹੀ ਕਰਤੂਤਾਂ ਮਨਜੂਰ ਨਹੀ ਸਨ। ਜਿਸ ਕਰਕੇ ਅਜਿਹੇ ਦੋ ਕੇਸ ਜੱਗ ਜਾਹਰ ਹੋ ਗਏ ਜਿਨਾਂ ਨੇ ਯੌਰਪ ਦੇ ਦੇਸ਼ਾਂ ਦੀਆਂ ਸਰਕਾਰਾਂ ਨੂੰ ਯੌਰਪੀਅਨ ਪਾਰਲਾਮੈਂਟ ਨੂੰ, ਸੰਯੁਕਤ ਰਾਸ਼ਟਰ ਨੂੰ ਅਤੇ ਅਮਰੀਕਨ ਸਰਕਾਰ ਨੂੰ ਹਰਕਤ ਵਿਚ ਆਉਣ ਲਈ ਮਜ਼ਬੂਰ ਕਰ ਦਿੱਤਾ ਹੈ।

ਕੇਸ ਇਕ: 17 ਫਰਵਰੀ 2003 ਨੂੰ ਇਟਾਲੀਆ ਦੇ ਸ਼ਹਿਰ ਮਾਈਲੈਂਡ ਵਿਚੋਂ ਇਕ ਇਮਾਮ ਆਬੂ ਓਮਾਰ ਨੂੰ ਸੀ ਆਈ ਏ ਦੇ ਏਜੰਟਾਂ ਵੱਲੋਂ ਅਗਵਾਹ ਕੀਤਾ ਅਤੇ ਕਾਇਰੋ ਦੀ ਇਕ ਜੇਲ ਵਿਚ ਪਹੁੰਚਾਕੇ ਉਸ ਉਤੇ ਜਿਸਮਾਨੀ ਅਤੇ ਮਾਨਸਿਕ ਟੌਰਚਰ ਕੀਤਾ ਗਿਆ। ਪਰ ਕਿਸੇ ਸਵਾਰਥ ਵੱਸ ਉਸ ਨੂੰ ਕੁਝ ਦੇਰ ਲਈ ਛੱਡ ਦਿੱਤਾ ਗਿਆ। ਛੱਡਣ ਉਤੇ ਉਸ ਵੱਲੋਂ ਆਪਣੀ ਬੀਵੀ ਨਾਲ ਫੋਨ ਤੇ ਗੱਲਬਾਤ ਕਰਦਿਆਂ ਦੱਸਿਆ ਕਿ ਉਸ ਨੂੰ ਸੀ ਆਈ ਏ ਵੱਲੋਂ ਕਿਡਨੈਪ ਕਰਕੇ ਕਾਇਰੋ ਦੀ ਇਕ ਜੇਹਲ ਵਿਚ ਰੱਖਕੇ ਟੌਰਚਰ ਕੀਤਾ ਗਿਆ ਹੈ। ਇਟਾਲੀਆ ਦੀ ਪੁਲੀਸ ਵਲੋਂ ਇਸ ਫੋਨ ਨੂੰ ਨਾਲ ਹੀ ਨਾਲ ਸੁਣਿਆ

ਜਾ ਰਿਹਾ ਸੀ। ਜਿਸ ਦੇ ਅਧਾਰ ਉਤੇ ਪੁਲੀਸ ਵੱਲੋਂ ਸੀ ਆਈ ਏ ਦੇ ਤੇਰਾਂ ਏਜੰਟਾਂ ਦੇ ਖਿਲਾਫ ਅਦਾਲਤ ਵਿਚ ਕੇਸ ਦਰਜ ਕਰ ਲਿਆ ਗਿਆ ਅਤੇ ਪੂਰੇ ਜੋਰਾਂ ਸ਼ੋਰਾਂ ਨਾਲ ਅਦਾਲਤੀ ਪੜਤਾਲ ਸ਼ੁਰੂ ਹੋ ਗਈ ਹੈ।

ਕੇਸ ਦੋ: ਦਸੰਬਰ 2003 ਦੇ ਅੰਤ ਖਾਲਿਦ ਅਲ-ਮਾਸਰੀ ਨਾਂ ਦੇ ਇਕ ਲਿਬਨਾਨੀ ਮੂਲ ਦੇ ਜਰਮਨ ਸਿਟੀਜਨ ਨੂੰ ਮਾਜ਼ੇਡੋਨੀਆ ਵਿਚ ਛੁੱਟੀਆਂ ਕੱਟਣ ਗਏ ਨੂੰ ਸੀ ਆਈ ਏ ਦੇ ਏਜੰਟਾਂ ਵੱਲੋਂ ਕਿਡਨੈਪ ਕੀਤਾ ਗਿਆ ਅਤੇ ਅਫਗਾਨਿਸਤਾਨ ਦੀ ਕਿਸੇ ਗੁਪਤ ਜੇਲ ਵਿਚ ਰੱਖਦੇ ਅਤੇ ਜਿਸਮਾਨੀ ਅਤੇ ਮਾਨਸਿਕ ਤਸ਼ੱਦਦ ਕਰਕੇ ਪੁਛਗਿਛ ਕੀਤੀ ਗਈ। ਪੰਜ ਮਹੀਨੇ ਮਗਰੋ ਮਈ 2004 ਵਿਚ ਉਸ ਨੂੰ ਗੁਪਤ ਜੇਲ ਵਿਚੋਂ ਕੱਢਕੇ ਮੁੜ ਜਰਮਨ ਪਹੁੰਚਾ ਦਿੱਤਾ ਗਿਆ। ਵਾਪਸ ਪਹੁੰਚਣ ਉਤੇ ਉਸ ਵੱਲੋਂ ਵਕੀਲ ਦੁਆਰਾ ਮੁਨਚਨ ਦੀ ਇਕ ਅਦਾਲਤ ਵਿਚ ਸੀ ਆਈ ਏ ਦੇ ਅਗਿਆਤ ਵਿਅਕਤੀਆਂ ਦੇ ਖਲਾਫ ਜੂਨ ਮਹੀਨੇ ਵਿਚ ਕੇਸ ਦਰਜ ਕਰਵਾ ਦਿੱਤਾ ਗਿਆ ਅਤੇ ਨਾਲ ਹੀ ਜਰਮਨ ਸਰਕਾਰ ਨੂੰ ਖਤ ਲਿਖਕੇ ਇਸ ਕੇਸ ਦੀ ਪੜਤਾਲ ਵਿਚ ਸਹਿਯੋਗ ਦੀ ਮੰਗ ਵੀ ਕਰ ਲਈ ਗਈ। ਹੁਣ ਜਰਮਨ ਸਰਕਾਰ ਦਾ ਇਸ ਪੜਤਾਲ ਵਿਚ ਸਹਿਯੋਗ ਉਸ ਦੀ ਅਤੇ ਜਰਮਨ ਖੁਫੀਆ ਏਜੰਸੀਆਂ ਦੀ ਮਜਬੂਰੀ ਬਣ ਗਈ ਅਤੇ ਇਸ ਕੇਸ ਨਾਲ ਸਬੰਧਤ ਸਬੂਤਾਂ ਨੂੰ ਇਕੱਠੇ ਕਰਨ ਦਾ ਕੰਮ ਸ਼ੁਰੂ ਹੋ ਗਿਆ।

ਇਸ ਕੇਸ ਵਾਰੇ ਜਾਣਕਾਰੀ ਪਹਿਲੀ ਵਾਰ 9 ਜਨਵਰੀ 2005 ਦੇ ਨਿਊ ਯੌਰਕ ਟਾਇਮਜ਼ ਵਿਚ ਛਪੀ ਅਤੇ ਇਸੇ ਮਹੀਨੇ ਜਰਮਨੀ ਦੇ ਇਕ ਹਫਤਾਵਾਰੀ ਰਸਾਲੇ ਸ਼ਪੀਗਲ ਵਿਚ ਵੀ ਅਤੇ ਇਹ ਜਾਣਕਾਰੀ ਆਮ ਜੰਨਤਾ ਨੂੰ ਮਿਲੀ ਕਿ ਸੀ ਆਈ ਏ ਵਲੋਂਆਤਮ ਘਾਤੀ ਪਿਲੋਟ ਮੁਹੰਮਦ ਆਤਾ, ਜਿਸ ਵਲੋਂ ਟਰੇਡ ਸੈਂਟਰ ਦੇ ਇਕ ਹਿਸੇ ਵਿਚ ਅਗਵਾਹ ਕੀਤੇ ਜਹਾਜ ਨੂੰ ਮਾਰਿਆ ਸੀ, ਦੇ ਖਾਲਿਦ ਅਲ-ਮਾਸਰੀ ਨਾਂ ਦੇ ਇਕ ਵਿਅਕਤੀ ਨਾਲ ਸਬੰਧ ਹੋਣ ਕਰਕੇ, ਗੁਪਤ ਤਲਾਸ਼ ਕਰ ਰਹੀ ਸੀ। ਪਰ ਗਲਤੀ ਨਾਲ ਇਸੇ ਨਾਮ ਦੇ ਇਕ ਹੋਰ ਨਰਦੋਸ਼ ਖਾਲਿਦ ਅਲ-ਮਾਸਰੀ ਨੂੰ ਮੁਹੰਮਦ ਆਤਾ ਦਾ ਅਸਲੀ ਸਾਥੀ ਸਮਝਕੇ, ਅਗਵਾਹ ਕਰਕੇ ਅਫਗਾਨਿਸਤਾਨ ਲੈ ਗਈ ਅਤੇ ਪੰਜ ਮਹੀਨੇ ਟੋਰਚਰ ਕਰਕੇ ਪੁੱਛ ਪੜਤਾਲ ਕਰਦੀ ਰਹੀ। ਪਰ ਭੁਲੇਖੇ ਦਾ ਪਤਾ ਲੱਗ ਜਾਣ ਕਰਕੇ ਅਤੇ ਜਰਮਨ ਸਿਟੀਜਨ ਹੋਣ ਕਰਕੇ ਛੱਡ ਦਿੱਤਾ ਗਿਆ। ਇਸ ਮਗਰੋਂ ਕਦੇ ਕਦਾਈ ਟੀਵੀ ਉਤੇ ਵੀ ਇਸ ਕੇਸ ਵਾਰੇ, ਸੀ ਆਈ ਏ ਦੀਆਂ ਯੌਰਪ ਵਿਚ ਸਥਾਪਤ ਕੀਤੀਆਂ ਜੇਲਾਂ ਵਾਰੇ ਅਤੇ ਇਸ ਦੀਆਂ ਸ਼ੱਕੀ ਉਡਾਨਾਂ ਅਤੇ ਉਤਾਰਿਆਂ ਵਾਰੇ ਚਰਚਾ ਹੋਣ ਲੱਗੀ। ਪਰ ਜਰਮਨ ਸਰਕਾਰ ਵਲੋਂ ਇਸ ਵਾਰੇ ਮਜਬੂਤੀ ਨਾਲ ਚੁਪ ਹੀ ਧਾਰੀ ਰੱਖੀ।

ਪਰ ਜਦ 2 ਨਵੰਬਰ 2005 ਨੂੰ ਵਸ਼ਿੰਗਟ ਪੋਸਟ ਵਿਚ ਇਕ ਜਰਨਾਲੈਸਟ ਬੀਬੀ ਡਾਨਾ ਪਰੀਸਟ ਦੀ ਇਸ ਅਲ-ਮਾਜਰੀ ਕੇਸ ਵਾਰੇ ਅਤੇ ਸੀ ਆਈ ਏ ਦੇ ਕਾਰਿਆਂ ਵਾਰੇ ਬਹੁਤ ਸਾਰੇ ਸਬੂਤਾਂ ਸਮੇਤ ਇਕ ਰਿਪੋਰਟ ਛਪੀ ਤਾਂ ਪਹਿਲੀ ਵਾਰ ਯੌਰਪੀਅਨ ਯੂਨੀਅਨ ਵਲੋਂ 23 ਨਵੰਬਰ ਨੂੰ ਸਵਿਟਜ਼ਰਲੈਂਡ ਦੇ ਦਿਕ ਮਾਰਟੀ ਨਾਂ ਦੇ ਵਕੀਲ ਨੂੰ ਪੜਤਾਲ ਦਾ ਮੁਖੀ ਨਿਯੁਕਤ ਕਰਕੇ, ਸੀ ਆਈ ਏ ਦੀਆਂ ਯੌਰਪ ਵਿਚ ਸਥਾਪਤ ਗੁਪਤ ਜੇਲਾਂ ਅਤੇ ਯੌਰਪ ਭਰ ਚੋਂ ਸ਼ੱਕੀ ਜਹਾਜਾਂ ਦੀਆਂ ਉਡਾਣਾਂ ਵਾਰੇ ਸਚਾਈ ਲੱਭਣ ਲਈ ਤਪਤੀਸ਼ ਸ਼ੁਰੂ ਕਰਵਾ ਦਿੱਤੀ ਗਈ। ਸ੍ਰੀ ਮਾਨ ਦਿਕ ਮਾਰਟੀ ਵਲੋਂ ਸਚਾਈ ਜਾਨਣ ਲਈ ਸੈਟਾਲਿਟ ਦੁਆਰਾ ਲਈਆਂ ਤਸਵੀਰਾਂ ਅਤੇ ਹੋਬੀ ਵਜੋਂ ਉਡਣ ਅਤੇ ਉਤਰਨ ਵਾਲੇ ਹਵਾਈ ਜਹਾਜਾਂ ਦੀਆਂ ਤਸਵੀਰਾਂ ਲੈਕੇ ਡੈਕੂਮਿੰਟ ਤਿਆਰ ਕਰਨ ਵਾਲੇ ਇਨਸਾਨਾਂ ਦੀ ਮੱਦਦ ਵੀ ਲਈ ਜਾ ਰਹੀ ਹੈ। ਯੌਰਪੀਅਨ ਯੂਨੀਅਨ ਦੇ ਜਸਟਿਸ ਕਮਿਸ਼ਨਰ ਸ੍ਰੀ ਮਾਨ ਫਰੰਕੋ ਫਰੋਟੀਨੀ ਨੇ ਜਿਥੇ ਯੌਰਪੀਅਨ ਯੂਨੀਅਨ ਦੇ ਦੇਸ਼ਾਂ ਦੀਆਂ ਸਰਕਾਰਾਂ ਨੂੰ ਇਸ ਪੜਤਾਲ ਵਿਚ ਮੱਦਦ ਦੇਣ ਦੀ ਅਪੀਲ ਕੀਤੀ ਹੈ ਉਥੇ ਇਸ ਸਕੈਂਡਲ ਵਿਚ ਸ਼ਾਮਿਲ ਸਿਧ ਹੋ ਜਾਣ ਵਾਲੇ ਯੌਰਪੀਅਨ ਯੂਨੀਅਨ ਦੇ ਦੇਸ਼ਾਂ ਨੂੰ ਨਤੀਜੇ ਭੁਗਤਨ ਦੀ ਚਿਤਾਵਨੀ ਵੀ ਦਿੱਤੀ ਹੈ।

ਹੁਣ ਪੋਲੈਂਡ ਦੇ ਪ੍ਰਧਾਨ ਮੰਤਰੀ, ਸਪੇਨ ਅਤੇ ਫਰਾਂਸ ਦੀ ਸਰਕਾਰ ਵਲੋਂ ਅਦਾਲਤਾਂ ਨੂੰ ਜਾਂ ਪਾਰਲੀਮੈਂਟ ਦੇ ਕਮਿਸ਼ਨਾਂ ਦੁਆਰਾ ਇਸ ਸਕੈਂਡਲ ਓਤੇ ਜਾਂਚ ਦੇ ਹੁਕਮ ਦੇ ਦਿੱਤੇ ਗਏ ਨੇ।

ਹੁਣ ਜਰਮਨੀ ਦੀ ਹੋਂਦ ਵਿਚ ਆਈ ਨਵੀਂ ਸਰਕਾਰ ਉਤੇ ਇਸ ਸਕੈਂਡਲ ਵਾਰੇ ਚਾਨਣਾਂ ਪਾਉਣ ਲਈ ਕਿ ਮਾਜਰੀ ਦੇ ਅਗਵਾਹ ਕਰਨ ਦੀ ਸਾਬਕਾ ਸਰਕਾਰ ਦੇ ਕਿਸ ਮਨਿਸਟਰ ਨੂੰ ਕਦੋਂ ਜਾਣਕਾਰੀ ਮਿਲੀ, ਪਾਰਲੀਮੈਂਟ ਵਿਚ ਵੋਰਧੀ ਧਿਰਾਂ ਦਾ ਦਬਾ ਵਧਣ ਲੱਗਾ ਅਤੇ ਇਹ ਵੀ ਕਿ ਅਮਰੀਕਾ ਦੀ ਵਦੇਸ਼ ਮੰਤਰੀ ਕੌਂਡੋਲੇਸਾ ਰਾਇਸ ਦੀ ਜਰਮਨ ਫੇਰੀ ਸਮੇਂ, ਪ੍ਰਧਾਨ ਮੰਤਰੀ ਇਸ ਕੇਸ ਵਾਰੇ ਉਸ ਨਾਲ ਗੱਲਬਾਤ ਕਰੇ। ਪਰ ਕੌਂਡੋਲੇਸਾ ਰਾਇਸ ਦੇ ਜਰਮਨੀ ਪਹੁੰਚਣ ਤੋਂ ਪਹਿਲੇ ਹੀ ਅਮਰੀਕਾ ਦੇ ਆਖਬਾਰਾਂ ਵਿਚ ਇਹ ਖਬਰ (ਕਿਸੇ ਸਰਕਾਰੀ ਅਦਾਰੇ ਵਲੋਂ) ਛਪਵਾ ਦਿੱਤੀ ਗਈ ਕਿ ਉਦੋਂ ਦੇ ਜਰਮਨੀ ਦੇ ਗ੍ਰਹਿ ਮੰਤਰੀ ਔਟੋ ਸ਼ਿਲੀ ਨੂੰ ਮਈ 2004 ਨੂੰ, ਜਰਮਨੀ ਵਿਚ ਅਮਰੀਕਣ ਰਾਜਦੂਤ ਡਾਨੀਅਲ ਕੋਆਟਸ ਵਲੋਂ ਨਿਜੀ

ਮਿਲਣੀ ਸਮੇਂ ਗਲਤੀ ਨਾਲ ਚੁੱਕ ਹੋਏ ਅਲ-ਮਾਜਰੇ ਦੇ ਕੇਸ ਦੀ ਜਾਣਕਾਰੀ ਦਿੱਤੀ ਅਤੇ ਇਸ ਜਾਣਕਾਰੀ ਨੂੰ ਆਪਣੇ ਕੋਲ ਹੀ ਰੱਖਣ ਦੀ ਹਦਾਇਤ ਵੀ ਕੀਤੀ, ਜਿਸ ਦੀ ਜਰਮਨ ਵਦੇਸ਼ ਮੰਤਰੀ ਵੱਲੋਂ ਪੂਰਣ ਰੂਪ ਵਿਚ ਪਾਲਣਾਂ ਵੀ ਕੀਤੀ ਗਈ। ਕੌਂਡੋਲੇਸਾ ਰਾਇਸ ਦੀ ਪ੍ਰਧਾਨ ਮੰਤਰੀ ਸ੍ਰੀ ਮਤੀ ਅੰਗੇਲਾ ਮੈਰਕਲ ਨਾਲ ਮੁਲਾਕਾਤ ਮਗਰੋਂ ਪ੍ਰੈਸ ਕਾਨਫਰੰਸ ਵਿਚ ਅੰਗੇਲਾ ਮੈਰਕਲ ਵਲੋਂ ਕਿਹਾ ਗਿਆ ਕਿ ਅਮਰੀਕਨ ਸਰਕਾਰ ਵਲੋਂ ਹੋਈ ਗਲਤੀ ਨੂੰ ਮੰਨ ਲਿਆ ਹੈ। ਪਰ ਛੇਤੀਂ ਹੀ ਅਮਰੀਕਣ ਵਦੇਸ਼ ਮੰਤਰਾਲੇ ਵਲੋਂ ਇਸ ਦਾ ਖੰਡਣ ਸ਼ੁਰੂ ਹੋ ਗਿਆ ਅਤੇ ਇਸ ਧਮਕੀ ਦੇ ਸੰਕੇਤ ਦੇਣੇ ਸ਼ੁਰੂ ਕਰ ਦਿੱਤੇ ਕਿ ਅਗਰ ਉਨਾਂ ਦੇ ਗੁਪਤ ਉਪਰੇਸ਼ਨਾਂ ਵਾਰੇ ਚਰਚਾ ਤੋਂ ਨਾਂ ਰੁਕੇ ਤਾਂ ਇਨਾਂ ਵਿਚ ਸ਼ਾਮਿਲ ਸਰਕਾਰਾਂ ਅਤੇ ਕੁਫੀਆ ਏਜੰਸੀਆਂ ਦੀ ਸ਼ਮੂਲੀਅਤ ਦੇ ਪਾਜ ਖੋਹਲ ਦਿੱਤੇ ਜਾਣਗੇ।

14 ਦਸੰਬਰ ਨੂੰ ਇਸ ਸਕੈਂਡਲ ਤੋਂ ਪਰਦਾ ਚੁੱਕਣ ਲਈ ਭਾਵੇ ਪਾਰਲੀਮੈਂਟ ਵਿਚ ਖੁਲ੍ਹੀ ਅਤੇ ਗੁਪਤੀ ਗਲਬਾਤ ਵੀ ਹੋਈ ਪਰ ਪੂਰੀ ਸਚਾਈ ਦਾ ਸਾਹਮਣੇ ਆ ਸਕਣਾਂ ਅਜੇ ਅਸੰਭਵ ਹੀ ਜਾਪਦਾ ਹੈ। ਪਰ ਇਹ ਮੰਗ ਉਚੀ ਹੋ ਰਹੀ ਹੈ ਕਿ ਭਵਿਖ ਵਿਚ ਜਰਮਨੀ ਦੀਆਂ ਖਫੀਆ ਏਜੰਸੀਆਂ ਬੇ ਐਨ ਡੇ, ਬੇ ਕਾ ਆ ਅਤੇ ਫਰਫਾਸੁੰਗਸ਼ੁਟਸ ਵੱਲੋਂ ਸੀ ਆਈ ਏ ਨੂੰ ਕਿਸੇ ਜਰਮਨ ਨਿਵਾਸੀ ਵਾਰੇ ਕੋਈ ਜਾਣਕਾਰੀ ਨਾ ਦਿੱਤੀ ਜਾਵੇ। ਕਿਉਂਕਿ ਇਹ ਇਸ ਜਾਣਕਾਰੀ ਦੇ ਅਧਾਰ ਉਤੇ ਬੰਦੇ ਕਿਡਨੈਪ ਕਰਦੀ ਹੈ। ਉਨਾਂ ਨੂੰ ਗੁਮਨਾਮ ਜੇਲਾਂ ਵਿਚ ਰੱਖਕੇ ਜਿਸਮਾਨੀ ਅਤੇ ਮਾਨਸਿਕ ਟੌਰਚਰ ਅਤੇ ਅਤਿ ਨੀਚ ਦਰਜੇ ਦਾ ਅਨਮਨੁੱਖੀ ਦੁਰਵਿਵਹਾਰ ਕਰਦੀ ਹੈ ਜੋ ਜਰਮਨੀ ਦੇ ਅਤੇ ਯੌਰਪੀਅਨ ਯੂਨੀਅਨ ਦੇ ਕਾਨੂੰਨਾਂ, ਲੋਕਰਾਜੀ ਮਰਯਾਦਾਵਾਂ ਅਤੇ ਸਿਧਾਂਤਾਂ ਦੇ ਖਿਲਾਫ ਹੈ।

ਮਨੁੱਖੀ ਅਧਿਕਾਰ ਸੰਸਥਾ ਸਿਵਲ ਲਿਬਰਟੀਜ਼ ਯੂਨੀਅਨ ਵੱਲੋਂ ਆਪਣੀ ਸਰਪ੍ਰਸਤੀ ਥੱਲੇ ਅਲ ਮਾਸਰੀ ਨੂੰ ਸੀ ਆਈ ਏ ਵੱਲੋਂ ਕਿਡਨੈਪ ਕਰਨ, ਉਸ ਨੂੰ ਚੋਰੀ ਛੁਪੇ ਅਫਗਾਨਿਸਤਾਨ ਲਿਜਾਕੇ ਸਰੀਰਕ, ਮਾਨਸਿਕ ਟੌਰਚਰ ਅਤੇ ਅਣਮਨੁਖੀ ਦੁਰਵਿਵਹਾਰ ਕਰਨ ਕਰਕੇ, ਇਕ ਅਮਰੀਕਣ ਅਦਾਲਤ ਵਿਚ ਸੀ ਆਈ ਏ ਦੇ ਡਰੈਕਟਰ ਗੇਔਰਗੇ ਟੇਨਿੱਟ ਅਤੇ ਕਿਰਾਏ ਤੇ ਹਵਾਈ ਜਹਾਜ ਦੇਣ ਵਾਲੀ ਕੰਪਣੀ ਦੇ ਤਿੰਨ ਬੰਦਿਆਂ ਦੇ ਖਿਲਾਫ ਕੇਸ ਦਰਜ ਕਰਵਾ ਦਿੱਤਾ ਹੈ। ਅਲ- ਮਾਜਰੀ ਦੇ ਬਿਆਨ ਜਰਮਨੀ ਤੋਂ ਵੀਡੀਓ ਲਾਇਵ ਦੁਆਰਾ ਅਮਰੀਕਣ ਅਲਾਲਤ ਵਿਚ ਦਰਜ ਕਰਵਾਏ ਗਏ। ਇਸ ਕੇਸ ਵਿਚ ਗਵਾਹਾਂ ਦੇ ਰੂਪ ਵਿਚ ਜਰਮਨੀ ਦੀ ਪ੍ਰਧਾਨ ਮੰਤਰੀ ਅੰਗੇਲਾ ਮੈਰਕਲ ਨੂੰ ਅਤੇ ਵਿਦੇਸ਼ ਮੰਤਰੀ ਵਲਟਰ ਸਟਾਇਨ ਮਾਇਆ ਨੂੰ ਬੁਲਾਉਣ ਦੀ ਮੰਗ ਵੀ ਉਠ ਰਹੀ ਹੈ।

ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਕਮਿਸ਼ਨਰ ਬੀਬੀ ਲੋਈਜ਼ੇ ਅਰਬਾਔਰ ਨੇ ਅਮਰੀਕਣ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਸੀ ਆਈ ਏ ਦੀਆਂ ਗੁਪਤ ਜੇਲਾਂ ਨੂੰ ਅਤੇ ਇਨਾਂ ਅਤੇ ਹੋਰ ਜੇਲਾਂ ਵਿਚ ਜਿਸਮਾਨੀ, ਮਾਨਸਿਕ ਟੌਰਚਰ ਨੂੰ ਅਤੇ ਅਣਮਨੁੱਖੀ ਵਿਵਹਾਰ ਨੂੰ ਖਤਮ ਕਰਵਾਵੇ ਅਤੇ ਗੁਆਨਟੇਨਾਮੋ ਬੇਅ ਵਿਚ ਯੂ ਐਨ ਓ ਦੇ ਅਧਿਕਾਰੀਆਂ ਨੂੰ ਜਾਕੇ ਪੜਤਾਲ ਕਰਨ ਦੀ ਆਗਿਆ ਦੇਵੇ। ਇਸ ਮੰਗ ਦੇ ਖਿਲਾਫ ਯੂ ਐਨ ਓ ਲਈ ਅਮਰੀਕਣ ਰਾਜਦੂਤ ਜੌਹਨ ਬੌਲਟੋਨ ਵਲੋਂ ਪ੍ਰੋਟੈਸਟ ਕੀਤਾ। ਪਰ ਜਨਰਲ ਸੈਕਟਰੀ ਕੌਫੀ ਅਨਾਨ ਵਲੋਂ ਬੀਬੀ ਲੋਈਜ਼ੇ ਅਰਬਾਔਰ ਦੇ ਬਿਆਨ ਦੀ ਪੁਰਜੋਰ ਪ੍ਰੋੜਤਾ ਕਰਦੇ ਹੋਏ ਅਮਰੀਕਣ ਸਰਕਾਰ ਨੂੰ ਗੈਨਵਾ ਕਨਵੈਸ਼ਨ ਦੁਆਰਾ ਨੀਅਤ ਮਨੁੱਖੀ ਅਧਿਕਾਰ ਚਾਰਟਰ ਦੀ ਪਾਲਣਾਂ ਕਰਨ ਲਈ ਅਪੀਲ ਕੀਤੀ ਗਈ।

ਰਪਬਲਿਕ ਪਾਰਟੀ ਦੇ ਸੈਨੇਟਰ ਮਿਕਚੇਨ, ਜੋ ਵਿਅਤਨਾਮ ਦੀ ਜੰਗ ਵੇਲੇ ਖੁਦ ਟੌਰਚਰ ਦਾ ਸ਼ਿਕਾਰ ਹੋਏ ਸਨ, ਦੇ ਉਦਮ ਅਤੇ ਵਿਰੋਧ ਸਦਕਾ ਅਮਰੀਕਣ ਪਾਰਲਾਮੈਂਟ ਵਲੋਂ ਦਸੰਬਰ ਮਹੀਨੇ ਮਿਆਦ ਪੁਗਾ ਰਹੇ ਅੱਤਵਾਦ ਵਿਰੋਧੀ ਕਾਨੂੰਨ (Patriot Act) ਵਿਚ ਵਾਧੇ ਨੂੰ 308/ 122 ਦੀ ਬਹਮੱਤ ਨਾਲ ਅਤੇ ਸੈਨੇਟ ਵਲੋਂ 52/47 ਦੀ ਦੀ ਬਹਮੱਤ ਨਾਲ ਰੋਕ ਦਿੱਤਾ ਹੈ। ਜਿਸ ਨੂੰ ਪ੍ਰਧਾਨ ਜਾਰਜ ਬੁਸ਼ ਅਤੇ ਉਸ ਦੇ ਰਾਜ ਪ੍ਰਬੰਧ ਦੀ ਵੱਡੀ ਹਾਰ ਸਮਝਿਆ ਜਾ ਰਿਹਾ ਹੈ।

ਭਾਵੇਂ ਕਿ ਅਮਰੀਕਾ ਅਤੇ ਪੱਛਮ ਦੇ ਦੇਸ਼ਾਂ ਦਾ, ਇਸਲਾਮ ਨਾਲ ਸਬੰਧਤ ਇਕ ਅਜਿਹੇ ਅੱਤ ਧਾਰਮਿਕ ਕੱਟੜ ਹਿਸੇ ਨਾਲ ਜੰਗ ਹੈ ਜਿਸ ਦੀਆਂ ਨਜ਼ਰਾਂ ਵਿਚ ਇਸਲਾਮ ਨੂੰ ਮੰਨਣ ਵਾਲੇ ਤੋਂ ਸਿਵਾ ਸਭ ਕਾਫਰ ਹਨ ਅਤੇ ਜਿਸ ਲਈ ਜੰਗ ਵਿਚ ਨਾ ਆਪਣੇ ਪਰਾਏ, ਦੋਸ਼ੀ ਨਰਦੋਸ਼ੀ, ਨਿਹੱਥੇ ਹਥਿਆਰਬੰਦ, ਮਰਦ ਔਰਤ, ਬੱਚਿਆਂ ਜਾਂ ਬੁੱਢਿਆਂ ਦਾ ਫਰਕ ਹੈ। ਪਰ ਫਿਰ ਵੀ ਕਿਸੇ ਲੋਕਰਾਜੀ ਸਰਕਾਰ ਵਲੋਂ, ਲੋਕਰਾਜ ਦੇ ਪਰਦੇ ਥਲੇ, ਅਤਿਵਾਦ ਦੇ ਖਿਲਾਫ ਜੰਗ ਦੀ ਆੜ ਵਿਚ, ਆਪਣੇ ਹੀ ਸਵਿਧਾਨਾਂ ਕਾਨੂਨਾਂ, ਲੋਕਰਾਜੀ ਸਿਧਾਂਤਾਂ ਅਤੇ ਕਦਰਾਂ ਕੀਮਤਾਂ ਨੂੰ ਛਿੱਕੇ ਟੰਗ ਕੇ ਤਾਨਾਸ਼ਾਹੀ ਕਾਰਿਆਂ ਤੇ ਉਤਰ ਆਉਣਾਂ ਵੀ ਨਾ ਹੀ ਅਮਰੀਕਾ, ਨਾ ਹੀ ਯੌਰਪ ਅਤੇ ਨਾ ਹੀ ਬਾਕੀ ਸੰਸਾਰ ਦੇ ਹਿੱਤਾਂ ਵਿਚ ਹੋ ਸਕਦਾ ਹੈ। ਐਨ.ਕਮਲ-ਫੇਹਰਨਬੱਖ ਉਰਫ ਬਿਧੀ ਸਿੰਘ ਬੱਬਰ ਐਸ਼ਬੋਰਨ-ਜਰਮਨੀ। Tel: 06173 67103, Fax: 06173 640321, eMail : ef-nk@t-online.de